# ਭਾਗੇਦਾਰੀ ਦਿਸ਼ਾ-ਨਿਰਦੇਸ਼–ਮਾਈਕਰੋਸੌਫਟ ਟੀਮਜ਼ ਔਨਲਾਈਨ ਵਰਕਸ਼ਾਪ

## ਔਨਲਾਈਨ ਵਰਕਸ਼ਾਪ–ਕੀ ਹੋਵੇਗਾ

- ਸਾਨੂੰ ਬੜੀ ਖੁਸ਼ੀ ਹੈ ਕਿ ਤੁਸੀਂ  ਸਾਡੀਆਂ ਆਉਣ ਵਾਲੀਆਂ ਵਰਕਸ਼ਾਪਾਂ ਵਿਚੋਂ ਇੱਕ ਵਿੱਚ ਸ਼ਾਮਲ ਹੋ ਰਹੇ ਹੋ।
- ਅਸੀਂ ਵਿਚਾਰ-ਵਟਾਂਦਰੇ ਨੂੰ ਸੌਖਾ ਬਣਾਵਾਂਗੇ ਅਤੇ ਹਰ ਕਿਸੇ ਨੂੰ ਸ਼ਾਮਲ ਹੋਣ ਦਾ ਮੌਕਾ ਦੇਣ ਲਈ ਪੂਰੀ ਵਾਹ ਲਾਵਾਂਗੇ।
- ਅਸੀਂ ਆਪਣੀਆਂ ਔਨਲਾਈਨ ਵਰਕਸ਼ਾਪਾਂ ਵੱਖ ਵੱਖ ਪ੍ਰੋਗਰਾਮਾਂ ਨੂੰ ਥਾਂ ਦੇਣ ਲਈ ਉਲੀਕੀਆਂ ਹਨ।
- ਇਸ ਵਾਸਤੇ ਅਸੀਂ ਮਾਈਕਰੋਸੌਫਟ ਟੀਮਜ਼ ਦੀ ਵਰਤੋਂ ਕਰਾਂਗੇ—ਇਸ ਬਾਰੇ ਨਿਰਦੇਸ਼ ਨੀਚੇ ਦਿੱਤੇ ਗਏ ਹਨ।

## ਲੋੜੀਂਦਾ ਸਾਜ਼ੋ-ਸਮਾਨ

- ਟੀਮਜ਼ ਨਾਲ ਕੁਨੈਕਟ ਕਰਨ ਲਈ ਕੰਪਿਊਟਰ (ਲੈਪਟੌਪ ਜਾਂ ਡੈਸਕਟੌਪ), ਟੈਬਲਟ ਜਾਂ ਫੋਨ
  - ਜੇ ਤੁਸੀਂ ਕੰਪਿਊਟਰ (ਲੈਪਟੌਪ ਜਾਂ ਡੈਸਕਟੌਪ) ਰਾਹੀਂ ਕੁਨੈਕਟ ਕਰ ਰਹੇ ਹੋ ਤਾਂ ਤੁਸੀਂ ਕੋਈ ਵੈਬ ਬਰਾਊਜ਼ਰ ਜਾਂ ਐਮਐਸ ਟੀਮਜ਼ ਐਪਲੀਕੇਸ਼ਨ ਵਰਤ ਸਕਦੇ ਹੋ।
  - ਜੇ ਤੁਸੀਂ ਟੈਬਲਟ ਜਾਂ ਫੋਨ ਰਾਹੀਂ ਕੁਨੈਕਟ ਕਰ ਰਹੇ ਹੋ ਤਾਂ ਤੁਹਾਨੂੰ ਆਪਣੇ ਡਿਵਾਇਸ ਦੇ ਐਪ ਸਟੋਰ ਤੋਂ ਐਮਐਸ ਟੀਮਜ਼ ਐਪਲੀਕੇਸ਼ਨ ਡਾਊਨਲੋਡ ਕਰਨ ਦੀ ਲੋੜ ਹੋਵੇਗੀ
- ਆਡੀਓ ਸੁਣਨ ਵਾਸਤੇ ਈਅਰ ਬਡਜ਼ ਜਾਂ ਸਪੀਕਰ
- ਗੱਲ ਕਰਨ ਲਈ ਹੈੱਡਸੈੱਟ ਜਾਂ ਮਾਈਕਰੋਫੋਨ
- ਦਿਸਣ ਲਈ ਕੈਮਰਾ (ਔਪਸ਼ਨਲ)


## ਮੀਟਿੰਗ ਵਿਚ ਸ਼ਾਮਲ ਹੋਣ ਲਈ ਨਿਰਦੇਸ਼

ਔਨਲਾਈਨ ਵਰਕਸ਼ਾਪ ਵਿਚ ਸ਼ਾਮਲ ਹੋਣ ਦੀ ਪ੍ਰਕਿਰਿਆ ਬਹੁਤ ਸਰਲ ਹੈ; ਪਰ ਤੁਹਾਨੂੰ ਸ਼ੁਰੂ ਕਰਨ ਵਿਚ ਮਦਦ ਵਾਸਤੇ ਅਸੀਂ ਕੁੱਝ ਅਸਾਨ ਨੁਕਤੇ ਦੇ ਰਹੇ ਹਾਂ। **ਕਿਰਪਾ ਕਰਕੇ ਕੁੱਝ ਮਿੰਟ ਪਹਿਲਾਂ ਲੌਗ-ਇਨ ਕਰੋ**, ਕਿਉਂਕਿ ਸਾਡੇ ਕੋਲ ਚਰਚਾ ਕਰਨ ਲਈ ਬਹੁਤ ਕੁੱਝ  ਹੋਵੇਗਾ ਅਤੇ ਅਸੀਂ ਚਾਹਾਂਗੇ ਕਿ ਮੀਟਿੰਗ ਤੁਰੰਤ ਸ਼ੁਰੂ ਹੋ ਜਾਵੇ। ਜੇ ਤੁਸੀਂ ਮਾਈਕਰੋਸੌਫਟ ਟੀਮਜ਼ ਤੋਂ ਨਾਵਾਕਫ ਹੋ, ਤਾਂ ਇਸ ਨੂੰ ਟੈਸਟ ਕਰਨ ਲਈ **ਕਿਰਪਾ ਕਰਕੇ ਸੈਸ਼ਨ ਸ਼ੁਰੂ ਹੋਣ ਤੋਂ 15 ਮਿੰਟ ਪਹਿਲਾਂ ਸ਼ਾਮਲ ਹੋਵੋ।**


**ਲੈਪਟੌਪ ਜਾਂ ਕੰਪਿਊਟਰ ਰਾਹੀਂ ਸ਼ਾਮਲ ਹੋਣਾ (ਸਿਫਾਰਸ਼ ਕੀਤੀ ਜਾਂਦੀ ਹੈ )**

- ਸੱਦਾ ਪੱਤਰ (invite) ਵਿਚ ਭੇਜੇ ਗਏ ਲਿੰਕ ਤੇ ਕਲਿੱਕ ਕਰੋ।


- ਜੇ ਤੁਸੀਂ ਲੈਪਟੌਪ ਜਾਂ ਕੰਪਿਊਟਰ ਰਾਹੀਂ ਸ਼ਾਮਲ ਹੋ ਰਹੇ ਹੋ ਤਾਂ ਤੁਹਾਨੂੰ ਮਾਈਕਰੋਸੌਫਟ ਟੀਮਜ਼ ਐਪ ਡਾਊਨਲੋਡ ਕਰਨ ਦੀ ਜ਼ਰੂਰਤ ਨਹੀਂ ਪਵੇਗੀ। ਪਰ ਜੇ ਐਪ ਹੋਵੇ ਤਾਂ ਵੱਧ ਸਹੂਲਤ ਹੋਵੇਗੀ ( ਮਿਸਾਲ ਦੇ ਤੌਰ ਤੇ ਤੁਹਾਨੂੰ ਵੀਡੀਓ ਫੰਕਸ਼ਨ ਉਪਲਬਧ ਹੋਵੇਗਾ)। ਤੁਸੀਂ ਇਹ ਚੋਣ ਕਰ ਸਕੋਗੇ ਕਿ ਤੁਸੀਂ ਮੀਟਿੰਗ ਵਿਚ ਔਨਲਾਈਨ ਸ਼ਾਮਲ ਹੋਣਾ ਹੈ ਜਾਂ ਟੀਮਜ਼ ਐਪ ਰਾਹੀਂ।





- ਜੇ ਤੁਸੀਂ ਵੈਬ ਤੋਂ ਸ਼ਾਮਲ ਹੋ ਰਹੇ ਹੋ, ਤੁਹਾਨੂੰ ਤੁਹਾਡੀਆਂ ਆਡੀਓ ਅਤੇ ਵੀਡੀਓ ਸੈਟਿੰਗਾਂ ਚੁਣਨ ਲਈ ਕਿਹਾ ਜਾਵੇਗਾ ਅਤੇ ਸ਼ਾਮਲ ਹੋਣ ਤੋਂ ਪਹਿਲਾਂ ਆਪਣਾ ਨਾਂ ਭਰਨ ਲਈ ਕਿਹਾ ਜਾਵੇਗਾ।




- ਡਿਵਾਇਸਜ਼ ਲਈ ਵਿਜਿਟ (widget) ਵਿਚ ਤੁਹਾਨੂੰ ਇਕ ਮੈਨਯੁ ਦਿਸੇਗਾ, ਜਿੱਥੇ ਤੁਸੀਂ ਆਪਣਾ ਸਪੀਕਰ, ਮਾਈਕਰੋਫੋਨ ਅਤੇ ਕੈਮਰਾ ਸਰੋਤ ਸਿਲੈਕਟ ਕਰ ਸਕਦੇ ਹੋ।





- ਜੇ ਤੁਸੀਂ ਫੋਨ ਰਾਹੀਂ ਆਡੀਓ ਜੌਇਨ ਕਰਨਾ ਚਾਹੁੰਦੇ ਹੋ ਤਾਂ ਫੋਨ ਆਡੀਓ ਸਿਲੈਕਟ ਕਰੋ।




- ਤੁਸੀਂ ਇਕ ਪੌਪ-ਅੱਪ ਦੇਖੋਗੇ, ਜਿਥੇ ਤੁਸੀਂ ਆਪਣਾ ਫੋਨ ਨੰਬਰ ਭਰ ਸਕਦੇ ਹੋ ਅਤੇ ਟੀਮਜ਼ ਵੱਲੋਂ ਤੁਹਾਨੂੰ ਫੋਨ ਆਏਗਾ, ਜਾਂ ਤੁਸੀਂ ਮੈਨੂਅਲ ਤਰੀਕੇ ਨਾਲ ਡਾਇਲ-ਇਨ ਸਿਲੈਕਟ ਕਰ ਸਕਦੇ ਹੋ ਅਤੇ ਤੁਸੀਂ ਸੱਦਾ-ਪਤਰ ਵਿਚ ਦਿੱਤੇ ਨੰਬਰ ਤੇ ਕਾਲ ਕਰ ਸਕਦੇ ਹੋ; ਤੁਹਾਨੂੰ ਕਾਨਫਰੰਸ ਆਈ ਡੀ ਭਰਨ ਲਈ ਕਿਹਾ ਜਾਵੇਗਾ, ਇਹ ਤੁਹਾਨੂੰ ਪ੍ਰਾਪਤ ਹੋਏ ਸੱਦਾਪਤਰ ਵਿਚ ਦਿਤਾ ਗਿਆ ਇਕ ਵਿਲੱਖਣ ਨੰਬਰ ਹੁੰਦਾ ਹੈ। ਪਰ **ਜਦੋਂ ਤੁਸੀਂ ਨਹੀਂ ਬੋਲ ਰਹੇ ਤਾਂ ਕਿਰਪਾ ਕਰਕੇ ਆਪਣਾ ਫੋਨ ਮਿਊਟ ਕਰਨਾ ਯਾਦ ਰੱਖੋ।**





- ਤੁਹਾਡੇ ਮੀਟਿੰਗ ਵਿਚ ਦਾਖਲ ਹੋ ਜਾਣ ਤੋਂ ਬਾਅਦ, ਤੁਹਾਨੂੰ ਕੁੱਝ ਪਲ 'ਲੌਬੀ' ਵਿਚ ਇੰਤਜ਼ਾਰ ਕਰਨੀ ਪਵੇਗੀ, ਜਦੋਂ ਤੱਕ ਮੀਟਿੰਗ ਸੰਚਾਲਕ ਤੁਹਾਨੂੰ ਅੰਦਰ ਆਉਣ ਦਿੰਦਾ ਹੈ। ਤੁਹਾਡੇ ਆਪਣੇ ਵੈੱਬ ਬਰਾਊਜ਼ਰ ਰਾਹੀਂ ਮੀਟਿੰਗ ਵਿਚ ਦਾਖਲ ਹੋ ਜਾਣ ਤੋਂ ਬਾਅਦ, ਤੁਹਾਡੀ ਸਕਰੀਨ ਇਸ ਤਰਾਂ ਦਿਖਣੀ ਚਾਹੀਦੀ ਹੈ (ਜਿਵੇਂ ਨੀਚੇ ਦਿਤਾ ਗਿਆ) ਦਿਸੇਗੀ--ਤੁਹਾਡੇ ਕੰਪਿਊਟਰ ਦੀ ਸਮਰਥਾ ਮੁਤਾਬਕ ਹੋ ਸਕਦਾ ਹੈ ਕਿ ਵੈੱਬ ਬਰਾਊਜ਼ਰ ਰਾਹੀਂ ਸ਼ਾਮਲ ਹੋਣ ਕਾਰਨ ਤੁਹਾਨੂੰ ਵੀਡੀਓ ਨਾ ਦਿਸੇ। ।




**ਮੋਬਾਈਲ ਡਿਵਾਇਸ (ਸਮਾਰਟ ਫੋਨ ਜਾਂ ਟੈਬਲਟ) ਤੋਂ ਸ਼ਾਮਲ ਹੋਣਾ**


- ਸੱਦਾ-ਪੱਤਰ ਵਿਚ ਦਿੱਤੇ ਲਿੰਕ ਤੇ ਕਲਿਕ ਕਰੋ।
- ਜੇ ਤੁਸੀਂ ਮੋਬਾਈਲ ਡਿਵਾਇਸ ਤੋਂ ਸ਼ਾਮਲ ਹੋ ਰਹੇ ਹੋ ਤਾਂ ਤੁਹਾਨੂੰ ਐਪਲ ਐਪ ਸਟੋਰ, ਗੂਗਲ ਪਲੇਅ ਜਾਂ ਜਿੱਥੋਂ ਵੀ ਤੁਸੀਂ ਆਪਣੇ ਐਪ ਲੈਂਦੇ ਹੋ ਤੋਂ, ਮਾਈਕਰੋਸੌਫਟ ਟੀਮਜ਼ ਐਪ ਡਾਊਨਲੋਡ ਕਰਨਾ ਪਵੇਗਾ। ਇਹ ਫ੍ਰੀ ਡਾਊਨਲੋਡ ਹੈ। ਇਵੈਂਟ ਲਿੰਕ ਤੇ ਕਲਿੱਕ ਕਰਨ ਤੋਂ ਬਾਦ ਤੁਹਾਨੂੰ ਉਸ ਨੂੰ ਡਾਊਨਲੋਡ ਕਰਨ ਲਈ ਕਿਹਾ ਜਾਵੇਗਾ।
    - ਪਹਿਲਾਂ ਹੀ ਐਪ ਨੂੰ ਇੰਸਟਾਲ ਕਰਨ ਬਾਰੇ ਵਿਚਾਰ ਕਰੋ ਕਿ ਤੁਹਾਡੇ ਕੋਲੋਂ ਕੋਈ ਸੈਸ਼ਨ ਛੁੱਟ ਨਾ ਜਾਵੇ।
    - ਐਪਲ ਡਿਵਾਇਸਾਂ ਬਾਰੇ ਇਹ ਯਾਦ ਰੱਖੋ ਕਿ ਟੀਮਜ਼ ਦੀ ਵਰਤੋਂ ਲਈ ਤੁਹਾਡੇ ਕੋਲ iOS 11 ਜਾਂ ਇਸ ਤੋਂ ਉਤੇ ਦਾ ਸੌਫਟਵੇਅਰ ਇੰਸਟਾਲ ਹੋਵੇ।

ਡਾਊਨਲੋਡ ਹੋਣ ਤੋਂ ਬਾਦ, ਤੁਸੀਂ 'ਗੈਸਟ' ਵਜੋਂ ਮੀਟਿੰਗ ਵਿਚ ਸ਼ਾਮਲ ਹੋ ਸਕੋਗੇ। ਇਸ ਵਾਸਤੇ ਮਾਈਕਰੋਸੌਫਟ ਟੀਮਜ਼ ਅਕਾਊਂਟ ਦੀ ਲੋੜ ਨਹੀਂ ਪੈਂਦੀ, ਇਸ ਕਰਕੇ ਅਕਾਊਂਟ ਬਣਾਉਣ ਦੀ ਚਿੰਤਾ ਕਰਨ ਦੀ ਲੋੜ ਨਹੀਂ ਹੈ। Live Q&A ਲਿੰਕ ਨੂੰ ਫੌਲੋ ਕਰਦੇ ਵਕਤ ਕਈ ਵਾਰ ਤੁਹਾਨੂੰ ਹੇਠਾਂ ਦਿਸ ਰਹੇ ਵਰਗਾ ਕੋਈ ਐਰਰ ਮੈਸੇਜ ਦਿਸੇਗਾ। ਕੇਵਲ ਓਕੇ ਕਲਿਕ ਕਰ ਦਿਓ ਅਤੇ





ਫਿਰ ਮਾਈਕਰੋਸੌਫਟ ਟੀਮਜ਼ ਡਾਊਨਲੋਡ ਕਰਨ ਲਈ ਆਪਣੇ ਐਪ ਸਟੋਰ ਵਿਚ ਜਾਓ।

- ਆਪਣੇ ਮੋਬਾਈਲ ਡਿਵਾਇਸ ਤੋਂ ਟੀਮਜ਼ ਐਪ ਰਾਹੀਂ ਅਗਿਆਤ ਰੂਪ ਵਿੱਚ ਸ਼ਾਮਲ ਹੋਣ ਲਈ 'ਜੌਇਨ ਐਜ਼ ਗੈਸਟ' ਬਟਨ ਕਲਿੱਕ ਕਰੋ। ਸ਼ਾਮਲ ਹੁੰਦੇ ਵਕਤ ਐਪ ਤੁਹਾਡੇ ਕੋਲੋਂ ਨਾਂ ਪੁੱਛੇਗਾ। ਇਹ ਯੂਜ਼ਰਨੇਮ ਹੈ ਅਤੇ ਤੁਸੀਂ ਕੁੱਝ ਵੀ ਚੁਣ ਸਕਦੇ ਹੋ। ਪਰ ਇਹ ਯਕੀਨੀ ਬਣਾਓ ਕਿ ਤੁਹਾਡੇ ਯੂਜ਼ਰਨੇਮ ਵਿਚ ਕੋਈ ਅਨੁਚਿਤ ਭਾਸ਼ਾ ਨਾ ਹੋਵੇ।





- ਆਪਣੇ ਮੋਬਾਈਲ ਡਿਵਾਇਸ ਤੋਂ ਮੀਟਿੰਗ ਵਿਚ ਸ਼ਾਮਲ ਹੋ ਜਾਣ ਤੋਂ ਬਾਅਦ, ਤੁਹਾਡੇ ਮੋਬਾਇਲ ਦੀ ਸਕਰੀਨ ਇਸ ਤਰਾਂ ਦਿਸਣੀ ਚਾਹੀਦੀ ਹੈ (ਹੇਠਾਂ)





## ਮੀਟਿੰਗ ਦਾ ਸਲੀਕਾ

- ਮੀਟਿੰਗ ਵਿਚ ਸ਼ਾਮਲ ਹੋਣ ਤੋਂ ਪਹਿਲਾਂ ਇਹ ਯਕੀਨੀ ਬਣਾਓ ਕਿ ਤੁਸੀਂ ਅਜਿਹੀ ਥਾਂ ਬੈਠੇ ਹੋ, ਜਿੱਥੇ ਸ਼ੋਰ-ਸ਼ਰਾਬਾ ਨਾ ਹੋਵੇ ਜਾਂ ਕੁੱਝ ਅਜਿਹਾ ਨਾ ਹੋਵੇ, ਜਿਹੜਾ ਤੁਹਾਡਾ ਧਿਆਨ ਹੋਰ ਪਾਸੇ ਲਿਜਾਏ ।


- ਜਦੋਂ ਤੁਸੀਂ ਮੀਟਿੰਗ ਵਿਚ ਸ਼ਾਮਲ ਹੋ ਗਏ ਤਾਂ ਆਪਣਾ ਮਾਈਕਰੋਫੋਨ ਮਿਊਟ ਜ਼ਰੂਰ ਕਰ ਦਿਓ।




- ਮੀਟਿੰਗ ਦੌਰਾਨ ਜਦੋਂ ਵੀ ਤੁਸੀਂ ਨਾ ਬੋਲ ਰਹੇ ਹੋਵੋ ਤਾਂ ਲਗਾਤਾਰ ਆਪਣੇ ਆਪ ਨੂੰ ਮਿਊਟ ਕਰਕੇ ਰੱਖੋ।
  - ਜਿਹੜੇ ਮਾਈਕਰੋਫੋਨ ਮਿਊਟ ਨਾ ਕੀਤੇ ਗਏ, ਉਨ੍ਹਾਂ ਨੂੰ ਮੀਟਿੰਗ ਸੰਚਾਲਕ ਮਿਊਟ ਕਰੇਗਾ/ਕਰੇਗੀ।
- ਜਦੋਂ ਤੁਸੀਂ ਬੋਲਣਾ ਚਾਹੋ ਤਾਂ ਆਪਣਾ ਮਾਊਸ ਹੱਥ ਖੜ੍ਹਾ ਕਰਨ ਵਾਲੇ ਫੰਕਸ਼ਨ ( ਨੀਚੇ ਲਾਲ ਡੱਬੇ ਵਿਚ ਦਰਸਾਇਆ ਗਿਆ ਚਿੰਨ੍ਹ) ਤੇ ਲਿਜਾਓ।




- ਤੁਸੀਂ ਦੇਖੋਗੇ ਕਿ ਇਹ ਔਪਸ਼ਨਾਂ ਸਾਹਮਣੇ ਆ ਜਾਣਗੀਆਂ। ਹੱਥ ਖੜ੍ਹਾ ਕਰਨ ਲਈ ਹੱਥ ਤੇ ਕਲਿੱਕ ਕਰੋ। ਹੱਥ ਨੀਚੇ ਕਰਨ ਲਈ ਦੁਬਾਰਾ ਹੱਥ ਤੇ ਕਲਿਕ ਕਰੋ।



- ਤੁਹਾਡੇ ਹੱਥ ਖੜ੍ਹਾ ਕਰਨ ਤੋਂ ਬਾਦ ਮੀਟਿੰਗ ਸੰਚਾਲਕ ਤੁਹਾਡੀ ਵਾਰੀ ਦੇ ਮੁਤਾਬਕ ਤੁਹਾਨੂੰ ਬੁਲਾਏਗਾ। ਕਿਰਪਾ ਕਰਕੇ ਜਦੋਂ ਤੱਕ ਤੁਹਾਨੂੰ ਨਹੀਂ ਕਿਹਾ ਜਾਂਦਾ, ਉਦੋਂ ਤੱਕ ਨਾ ਬੋਲੋ। ਜਿਸ ਤਰਤੀਬ ਵਿਚ ਹੱਥ ਖੜ੍ਹੇ ਕੀਤੇ ਗਏ, ਅਸੀਂ ਉਸ ਤਰਤੀਬ ਵਿਚ ਹੀ ਚੱਲਣ ਦੀ ਪੂਰੀ ਕੋਸ਼ਿਸ਼ ਕਰਾਂਗੇ।
  - ਜੇ ਤੁਸੀਂ ਬੋਲਣਾ ਨਹੀਂ  ਚਾਹੁੰਦੇ ਤਾਂ ਤੁਸੀਂ ਚੈਟ ਸੈਕਸ਼ਨ ਵਿਚ ਜਾ ਕੇ ਗੱਲਬਾਤ ਦੌਰਾਨ ਆਪਣੇ ਕਾਮੈਂਟ ਦੇ ਸਕਦੇ ਹੋ।
  - ਅਸੀਂ ਚੈਟ ਸੈਕਸ਼ਨ ਵਿਚੋਂ ਸਾਰੇ ਕਾਮੈਂਟਸ ਲੈ ਲਵਾਂਗੇ।
  - ਜਦੋਂ ਤੁਸੀਂ ਆਪਣੀ ਗੱਲ ਖਤਮ ਕਰ ਲਈ ਤਾਂ ਆਪਣਾ ਮਾਈਕਰੋਫੋਨ ਦੁਬਾਰਾ ਬੰਦ ਕਰਨਾ ਨਾ ਭੁੱਲੋ ਅਤੇ ਹੱਥ ਦੇ ਨਿਸ਼ਾਨ ਨੂੰ ਦੁਬਾਰਾ ਕਲਿੱਕ ਕਰਕੇ ਹੱਥ ਨੀਚੇ ਕਰ ਲਓ।
- ਜੇ ਤੁਹਾਡੇ ਕੁਨੈਕਸ਼ਨ ਵਿਚ ਕੋਈ ਸਮੱਸਿਆ ਹੋਵੇ ਤਾਂ ਆਪਣਾ ਵੀਡੀਓ ਬੰਦ ਕਰਕੇ ਦੇਖੋ।

## ਭਾਗੇਦਾਰੀ ਸੰਬੰਧੀ ਦਿਸ਼ਾ-ਨਿਰਦੇਸ਼

- ਮੀਟਿੰਗ ਵਿਚ ਸ਼ਾਮਲ ਸਾਰਿਆਂ ਪ੍ਰਤੀ ਸਤਿਕਾਰ ਦਿਖਾਓ;
- ਹਰ ਤਰਾਂ ਦੇ ਵਿਚਾਰਾਂ ਨੂੰ ਖੁਲ੍ਹੇ ਮਨ ਨਾਲ ਸੁਣੋ;
- ਸਥਾਪਤ ਪ੍ਰਕਿਰਿਆ ਅਤੇ ਸਮੇਂ ਦੀ ਬੰਦਿਸ਼ ਦਾ ਪਾਲਣ ਕਰੋ;
- ਸਭ ਨੂੰ ਬੋਲਣ ਦਾ ਮੌਕਾ ਦਿਓ;
- ਲੋਕਾਂ ਨੂੰ ਬਿਨਾਂ ਟੋਕਾ-ਟਾਕੀ ਦੇ ਬੋਲਣ ਦਿਓ;
- ਸਭ ਨੂੰ ਸ਼ਾਮਲ ਕਰਨ ਦੀ ਕੋਸ਼ਿਸ਼ ਕਰੋ;
- ਕਿਰਪਾ ਕਰਕੇ ਸਤਿਕਾਰ ਵਾਲੀ ਭਾਸ਼ਾ ਅਤੇ ਸੁਰ ਵਰਤੋ;